
# ਕਰੋਨਾ ਯੁੱਧ ਵਰਤਮਾਨ ਅਤੇ ਅਤੀਤ

– ਗੁਰਮੇਲ ਸਿੰਘ 'ਬੌਡੇ'
ਸਾਹਿਤਕ ਸਲਾਹਕਾਰ: "ਮਹਿਕ ਵਤਨ ਦੀ"
ਆਨਰੇਰੀ ਸੰਪਾਦਕ: "ਦਸਤਕ" ਕੈਨੇਡਾ
Ph.98143-04213
E-Mail: dhaliwal.gurmelbaude@gmail.com



ਜਦੋਂ ਵੀ ਕੁਦਰਤ ਦੇ ਕਿਸੇ ਸ੍ਰੋਤ ਨਾਲ, ਨਿਯਮ ਨਾਲ ਸੁਆਰਥੀ ਛੇੜਛਾੜ ਹੁੰਦੀ ਹੈ ਤਾਂ ਮਹਾਂਮਾਰੀਆਂ ਫੈਲਦੀਆਂ ਹਨ। ਕਿਹਾ ਜਾਂਦਾ ਹੈ ਕਿ ਸ਼ੇਰ ਜੰਗਲ ਦਾ ਬਾਦਸ਼ਾਹ ਹੁੰਦਾ ਹੈ ਪਰ ਉਸਦੀ ਬਰਾਬਰਤਾ ਜੀਵ ਜੰਤੂਆਂ ਲਈ ਖਤਰਾ ਬਣ ਜਾਂਦੀ ਹੈ। ਢਿੱਡ ਦੀ ਭੁੱਖ ਲਈ ਉਹ ਸਲਤਨਤ ਦਾ ਕੋਨਾ ਬਦਲ ਲੈਂਦਾ ਹੈ। ਪਰ ਇਹ ਵੀ ਹਕੀਕਤ ਹੈ ਕਿ ਸ਼ੇਰ ਨੂੰ ਅਕਲ, ਸਿਆਣਪ ਦੇਣ ਵਾਲਾ ਕੋਈ ਰਹਿਨੁਮਾ ਨਹੀਂ ਹੁੰਦਾ।

ਉਸੇ ਤਰ੍ਹਾਂ ਵਰਤਮਾਨ ਸਮੇਂ ਮਨੁੱਖ ਆਪਣੀ ਬੁੱਧੀ ਸਦਕਾ ਸੂਈ ਤੋਂ ਰਾਕਟ, ਬਨਾਵਟੀ ਚੰਨ, ਬਨਾਵਟੀ ਦਿਲ, ਬਨਾਵਟੀ ਅੰਗ, ਬਨਾਵਟੀ ਬੱਦਲ ਨੂੰ ਸਿਰਜਦਾ ਸਿਰਜਦਾ ਪ੍ਰਮਾਣੂੰ, ਐਟਮ ਬੰਬ, ਲੜਾਕੂ ਜਹਾਜ਼, ਟੈਂਕ ਤੇ ਗੋਲਾ ਬਾਰੂਦ ਬਣਾ ਕੇ ਕੁਦਰਤ ਨਾਲ ਹੀ ਬਰਬਰਤਾ ਨਹੀਂ ਸਗੋਂ ਮਨੁੱਖ ਨੂੰ ਹੀ ਬਰਬਰਤਾ ਦਾ ਸ਼ਿਕਾਰ ਬਣਾ ਚੁੱਕਾ ਹੈ। ਕਾਰਨ ਇਕ ਹਊਆ ਇਕ ਡਰ ਪੈਦਾ ਕਰਕੇ ਵਪਾਰਕ ਬਿਰਤੀਆਂ 'ਚੋਂ ਉਪਜੀਆਂ ਬਸਤੀਆਂ ਤੇ ਮੁਨਾਫ਼ਾ ਹੈ। ਪਹਿਲੇ ਸਮੇਂ ਵਿਚ ਅੰਧਵਿਸ਼ਵਾਸ਼ ਵੀ ਤਾਂ ਹਰ ਮਨੁੱਖ ਨੂੰ ਬਰਾਬਰੀ ਨਾ ਦੇ ਕੇ ਮਾੜੇ ਕਰਮਾਂ ਜਾਂ ਜਾਤੀ ਵੰਡ ਨਾਲ ਅਜਿਹਾ ਕਰਦਾ ਹੈ। ਧਾਰਮਿਕ ਅਤੇ ਸੱਚ ਦੇ ਰਹਿਨੁਮਾ ਹੋਣ ਦੇ ਬਾਵਜੂਦ ਨਾ ਮਨੁੱਖ ਦਾ ਅਤੀਤ ਤੇ ਨਾ ਹੀ ਵਰਤਮਾਨ ਮੁਆਫ਼ੀ ਯੋਗ ਹੈ। ਸੱਚ, ਸਬਰ, ਸੰਤੋਖ, ਬਰਾਬਰੀ ਦੇ ਸਮਾਜ ਨੂੰ ਪਹਿਲਾਂ ਬਾਦਸ਼ਾਹੀ ਮਾਨਸਿਕਤਾ ਅਤੇ ਹੁਣ ਮਹਾਂਸ਼ਕਤੀ ਬਣਨ ਦੀ ਮਾਨਸਿਕਤਾ ਸਧਾਰਨ ਬੇਕਸੂਰ ਮਨੁੱਖ ਨੂੰ ਬਲੀ ਦਾ ਬੱਕਰਾ ਬਣਾ ਰਹੀ ਹੈ। ਹੀਰੋਸ਼ੀਮਾ ਤੇ ਨਾਗਾਸਾਕੀ ਦੀਆਂ ਲੱਖਾਂ ਮੌਤਾਂ ਅਤੇ 1947 ਦੀਆਂ ਦਸ ਲੱਖ ਮੌਤਾਂ ਧਰਮ ਕਰਮ ਦੀ ਗੱਲ ਕਰਨ ਵਾਲਿਆਂ ਦੇ ਮੱਥੇ ਤੇ ਕਲੰਕ ਹੈ।

ਵਰਤਮਾਨ ਸਮੇਂ ਕਰੋਨਾ ਨਾਂ ਦਾ ਬਨਾਵਟੀ ਬੱਦਲਾਂ, ਚੰਨ ਅਤੇ ਬਨਾਵਟੀ ਮਨੁੱਖ ਰੋਬਟ ਵਾਂਗ ਖੁਦ ਦਾ ਸਿਰਜਿਆ ਵਾਇਰਸ ਹੈ। ਜਿਸਦਾ ਉਦੇਸ਼ ਐਟਮੀ ਹਥਿਆਰਾਂ ਵਾਲਾ ਹੀ ਹੈ ਕਿ ਕੌਮਾਂਤਰੀ ਪੱਧਰ ਤੇ ਆਪਣਾ ਏਕਅਧਿਕਾਰ ਪ੍ਰਾਪਤ ਕਰਨਾ। ਅਫ਼ਸੋਸ ਕਿ ਅਸੀਂ ਅਸਲ ਹਕੀਕਤ ਤੋਂ ਅੱਖਾਂ ਮੀਟ ਕੇ ਆਪੋ ਆਪਣੇ ਦੇਵੀ-ਦੇਵਤਿਆਂ ਤੇ ਗੁਰੂਆਂ ਨੂੰ ਅਵਾਜ਼ਾਂ ਮਾਰ ਰਹੇ ਹਾਂ। ਇਹ ਵਰਤਾਰਾ ਤਾਂ ਨਾਦਰਸ਼ਾਹ ਦੇ 17 ਹਮਲਿਆਂ ਦੌਰਾਨ ਧਾਰਮਿਕ ਸਥਾਨਾਂ ਦੇ ਸੰਚਾਲਕਾਂ ਨੇ ਟੱਲ ਖੜਕਾ ਕੇ, ਆਰਤੀਆਂ ਕਰਕੇ, ਗਊਆ ਮੂਹਰੇ ਲਗਾ ਕੇ ਵੀ ਕੀਤਾ ਸੀ। ਕੀ ਕਬੂਤਰ ਦੇ ਬਿੱਲੀ ਨੂੰ ਅੱਖਾਂ ਮੀਟ ਕੇ ਮੌਤ ਟਲ ਜਾਣ ਦੇ ਭਰਮ ਪਾਲਣ ਵਰਗਾ ਭਰਮ ਨਹੀਂ। ਵਿਗਿਆਨ ਰਾਹੀਂ ਤਿਆਰ ਕੀਤੀ ਮਾਨਵ ਵਿਰੋਧੀ ਵਰਤਾਰੇ ਦਾ ਟਾਕਰਾ ਵਿਗਿਆਨਕ ਦੂਰਦਰਸ਼ਤਾ ਨਾਲ ਹੀ ਕੀਤਾ ਜਾ ਸਕਦਾ ਹੈ।

ਪਲੇਗ ਤੋਂ ਲੈ ਕੇ ਸਵਾਈਨ ਫਲੂ ਵਰਗੇ ਲਗ ਦੇ ਰੋਗਾਂ ਵਾਂਗ ਕਰੋਨਾ ਵੀ ਇਕ ਲਾਗ ਦਾ ਰੋਗ ਹੈ। ਇਹ ਵਾਇਰਸ ਕੁਦਰਤੀ ਨਹੀਂ ਸਗੋਂ ਮਨੁੱਖ ਦੀ ਸ਼ੈਤਾਨ ਬਿਰਤੀ ਚੋਂ ਬਣਾਈ ਸ਼ੈਤਾਨ ਲੈਬਾਰਟਰੀ ਦੀ ਉਪਜ ਹੈ। ਜਿਸ ਦੀ ਰੋਕਥਾਮ ਲਈ ਕੋਈ ਵਿਗਿਆਨਕ ਦਵਾਈ ਨਹੀਂ ਹੈ। ਜਿਸ ਕਰਕੇ ਇਹ ਫੈਲ ਰਿਹਾ ਹੈ ਅਤੇ ਡਰ ਦਾ ਮਾਹੌਲ ਹੈ। ਮੌਤਾਂ ਦਾ ਅੰਕੜਾਂ ਅੱਠ ਲੱਖ ਦੀ ਗਿਣਤੀ ਪਾਰ ਕਰ ਚੁੱਕਾ ਹੈ ਤੇ ਢਾਈ ਕਰੋੜ ਤੋਂ ਵੱਧ ਲੋਕ ਪੀੜਤ ਹਨ। ਇਸ ਵਾਇਰਸ ਦੀ ਭਿਆਨਕਤਾ ਇਸ ਕਰਕੇ ਵੀ ਹੈ ਕਿ ਇਹ ਦੋ-ਚਾਰ, ਅੱਠ, ਸੋਲਾਂ, ਬੱਤੀ, ਚੌਹਟ ਦੀ ਰੇਸ਼ੋ ਵਿਚ ਫੈਲ ਰਿਹਾ ਹੈ। ਫੈਲ ਤਾਂ ਕੈਂਸਰ, ਗੁਰਦਿਆਂ ਦਾ ਫੇਲ ਹੋਣਾ ਜਾਂ ਬਦਲੀ ਕਰਨ ਤੇ ਗੁਰਦੇ ਦਾ ਲੱਖਾਂ ਵਿਚ ਵਿਕਣਾ ਤੇ ਮਨੁੱਖ ਦੇ ਖ਼ੂਨ ਦੀ ਬੋਤਲ ਵੀ ਸ਼ਰਾਬ, ਪਾਣੀ ਤੇ ਦੁੱਧ ਦੀ ਬੋਤਲ ਦੇ ਵਿਕਣ ਵਾਂਗ ਇਹਨਾਂ ਬੀਮਾਰੀਆਂ ਦੀਆਂ ਬੀਮਾਰੀਆਂ ਤੇ ਅਰਬਾਂ-ਖਰਬਾਂ ਦੀ ਸਨਅਤ ਖੜ੍ਹੀ ਹੈ। ਇਸ ਕਰੋਨਾ ਬੀਮਾਰੀ ਦੀ ਦਵਾਈ ਦੇ ਮਾਮਲੇ ਵਿਚ ਵੀ ਅਜਿਹਾ ਹੀ ਹੋਵੇਗਾ। ਪਹਿਲਾ ਇਹ ਮਹਿੰਗੀ ਹੋਣ ਕਰਕੇ ਅਮਰੀਕਾ ਦੀ ਪਹੁੰਚ ਅਤੇ ਗਰੀਬਾਂ ਦੀ ਪਹੁੰਚ ਤੋਂ ਬਾਹਰ ਹੋਵੇਗੀ। ਬਸਤੀਵਾਦੀ ਤੇ ਆਰਥਿਕ ਲੁੱਟ ਦੀ ਨੀਤੀ ਕਾਰਨ ਵਿਗਿਆਨਕ ਕਾਢਾਂ ਦੀ ਤਜ਼ਾਰਤ ਹੋਈ ਹੈ, ਹੋ ਰਹੀ ਹੈ ਅਤੇ ਓਨਾ ਚਿਰ ਹੋਵੇਗੀ ਜਿੰਨਾ ਚਿਰ ਆਮ ਮਨੁੱਖ ਦੀ ਮਲਕੀਅਤ ਇਹਨਾਂ ਉੱਪਰ ਨਹੀਂ ਹੁੰਦੀ। ਇਹ ਨਾਂ ਹੋ ਸਕੇ ਇਸੇ ਕਰਕੇ ਤਾਂ ਕਰੋਨਾ ਵਾਂਗ ਹੀ ਗਰੀਬੀ, ਅਨਪੜ੍ਹਤਾ, ਅੰਧਵਿਸ਼ਵਾਸ, ਵਿਗਿਆਨ ਰਹਿਤ ਸੂਝ ਦਾ ਪਸਾਰਾ ਹੋ ਰਿਹਾ ਹੈ। ਅਜੋਕੇ ਸੇਮਂ ਵੀ ਨੀਤੀ ਨਾਦਰਸ਼ਾਹ ਵਾਲੀ ਹੀ ਹੈ।

ਦੂਜੇ ਸੰਸਾਰ ਯੁੱਧ ਸਮੇਂ ਅਮਰੀਕਾ ਨਾਦਰਸ਼ਾਹ ਬਣਿਆ ਅਤੇ ਨੌ ਸੌ ਚੂਹਾ ਖਾ ਕੇ ਬਿੱਲੀ ਹੱਜ ਨੂੰ ਚੱਲੀ ਵਾਂਗ ਖੁਦ ਹੀ ਅਮਨ ਦਾ ਮਸੀਹਾ ਬਣ ਕੇ ਯੂ.ਐਨ.ਓ. ਦੀ ਕਠਪੁਤਲੀ ਬਣ ਕੇ ਧਾਗੇ ਆਪਣੇ ਹੱਥ ਵਿਚ ਲੈ ਕੇ ਸਵੈ-ਹਿੱਤ ਸੰਸਾਰ ਨਿਰਨੇ ਕਰਵਾਉਣ ਲੱਗਾ। ਸਾਡੇ ਸੱਭਿਆਚਾਰ ਵਿਚ ਛੋਟੀ ਮਾਤਾ, ਵੱਡੀ ਮਾਤਾ (ਚੇਚਕ) ਦੇ ਬੁਖ਼ਾਰ ਵਾਂਗ ਵਿਕਾਸਸ਼ੀਲ ਮੁਲਕਾਂ ਨੂੰ ਇਸ ਬੁਖਾਰ 'ਚੋਂ ਲੰਘਣਾ ਪਿਆ ਤੇ ਲੰਘ ਰਿਹਾ ਹੈ। ਇਸ ਦੀ ਦਵਾਈ ਇਕ ਪਾਸੇ। (ਹੋਰ ਅੰਨ ਉਗਾਓ ਤੇ ਦੂਸਰੇ ਪਾਸੇ ਹੋਰ ਹਥਿਆਰ ਵਧਾਓ) ਵਾਲਾ ਵਰਤਾਰਾ ਬਰਾਬਰ ਚੱਲਿਆ। ਇਰਾਨ-ਇਰਾਕ ਦੇ ਯੁੱਧ ਤੋਂ ਬਾਅਦ ਹਥਿਆਰਾਂ ਦੀ ਪਟਾਕਿਆਂ ਵਾਂਗ ਵਿਕਰੀ ਤੋਂ ਬਾਅਦ ਡਰ ਭਾਵਨਾ 'ਚੋਂ ਇਨਾਂ ਦਾ ਭੰਡਾਰਨ ਸ਼ੁਰੂ ਹੋ ਗਿਆ ਤੇ ਅਸੀਂ ਬੋਫਰਜ਼, ਸੁਖੋਈ ਤੇ ਰਫੇਲ ਦਲਾਲੀਆਂ ਝੱਲਦੇ ਹੋਏ ਇਹ ਭੰਡਾਰਨ ਕਰਦੇ ਰਹੇ। ਇਸਨੂੰ ਹੀ ਮੁਲਕ ਦੀ ਤਰੱਕੀ ਸਮਝਣ ਲੱਗੇ ਜਦ ਕਿ ਕਿਸੇ ਵੀ ਮੁਲਕ ਦੀ ਤਰੱਕੀ ਕੁਦਰਤੀ ਸਾਧਨਾਂ ਦੀ ਬਰਾਬਰ ਵੰਡ, ਸਿਹਤ, ਸਿੱਖਿਆ ਤੇ ਉੱਚ ਵਿਕਾਸ ਦਰ ਹੁੰਦੀ ਹੈ। ਵਿਕਾਸਸ਼ੀਲ ਮੁਲਕਾਂ ਕੋਲ ਤਾਂ ਇਸ ਪੇਪਰ 'ਚੋਂ 0/100 ਅੰਕ ਹਨ।

ਹੁਣ ਕਰੋਨਾ ਵਾਇਰਸ ਨੇ ਹਥਿਆਰ ਭੰਡਾਰਨ ਤੇ ਪ੍ਰਸ਼ਨ ਚਿੰਨ੍ਹ ਲਗਾਇਆ ਹੈ। ਪਹਿਲਾਂ ਹਥਿਆਰਾਂ ਦੇ ਮਾਮਲੇ 'ਚ ਅਮਰੀਕਾ ਸੁਪਰ ਪਾਵਰ ਸੀ। ਫਿਰ ਮੁਕਾਬਲੇ ਤੇ ਰੂਸ ਆਇਆ ਪਰ ਉਸ ਦੇ ਸਾਮਰਾਜੀ ਸੋਚ ਵਾਲੇ ਆਗੂਆਂ ਦੀਆਂ ਨੀਤੀਆਂ ਕਾਰਨ ਅਮਰੀਕਾ ਨੂੰ ਗੋਡਣੀਆਂ ਲੁਆ ਦਿੱਤੀਆਂ। ਬਿਜਲਈ ਸਾਧਨਾਂ ਵਿਚ ਜਪਾਨ, ਕੋਰੀਆ, ਸਵਿਟਜ਼ਰਲੈਂਡ ਦੀ ਸਰਦਾਰੀ ਸੀ। ਜਿੰਨ੍ਹਾਂ ਨੂੰ ਅਮਰੀਕਾ ਯੁੱਧ ਹਥਿਆਰਾਂ ਦੇ ਸਾਹਮਣੇ ਇਹਨਾਂ ਚੀਜ਼ਾਂ ਨੂੰ ਮੁਨਿਆਰੀ ਦੀਆਂ ਦੁਕਾਨਾਂ ਹੀ ਸਮਝਦਾ ਸੀ। ਸ਼ੀਤ ਯੁੱਧ ਦੇ ਮਾਹੌਲ ਕਾਰਨ ਇਹਨਾਂ ਦੇਸ਼ਾਂ ਦੀਆਂ ਚੀਜ਼ਾਂ ਦੀ ਕੌਮਾਂਤਰੀ ਮੰਡੀ ਵਿਚ ਧਾਂਕ ਸੀ। ਫਿਰ ਚੀਨ ਨੇ ਇਹਨਾਂ ਚੀਜ਼ਾਂ ਦੇ ਘੱਟ ਕੀਮਤਾਂ ਤੇ ਐਨੇ ਉਤਪਾਦ ਕੌਮਾਂਤਰੀ ਮੰਡੀ ਵਿਚ ਸੁੱਟੇ ਕਿ ਜਪਾਨ, ਕੋਰੀਆ ਤੇ ਅਮਰੀਕਾ ਆਦਿ ਦੇ ਪੈਰ ਉਖੜ ਗਏ ਅਤੇ ਚੀਨ ਦੀ ਤੂਤੀ ਬੋਲਣ ਲੱਗੀ। ਚੀਨ ਨੂੰ ਪਤਾ ਸੀ ਕਿ ਸੰਸਾਰ ਵਿਚ ਉਸ ਦਾ ਰਵਾਇਤੀ ਵਿਰੋਧੀ ਅਮਰੀਕਾ ਹੈ। ਉਸਨੇ ਉਸਦੇ ਐਟਮਾਂ ਤੇ ਪ੍ਰਮਾਣੂੰਆਂ ਦਾ ਮੂੰਹ ਮੋੜਨ ਲਈ ਇਹ ਵਾਇਰਸ ਤਿਆਰ ਕੀਤਾ ਜਿਸ ਨੂੰ ਕਿ ਸਾਰੇ ਵਿਕਾਸਸ਼ੀਲ ਅੱਖਾਂ ਮੀਟ ਕੇ ਸੱਚ ਮੰਨ ਕੇ ਪ੍ਰਚਾਰ ਕਰ ਰਹੇ ਹਨ ਕਿ ਚੀਨ ਦਾ ਆਪਣੇ ਦੇਸ਼ ਦਾ ਆਪਣਾ ਸੰਚਾਰਕ ਤਾਣਾ ਬਾਣਾ ਹੈ। ਆਪਣਾ ਇੰਟਰਨੈਟ ਤੇ ਐਪਸ ਹਨ। ਜਿਸ ਦਾ ਭੇਦ ਕਿਸੇ ਨੂੰ ਵੀ ਨਹੀਂ। ਪਤਾ ਤਾਂ ਸੰਸਾਰ ਨੂੰ ਅਮਰੀਕਾ ਦੇ ਸੰਚਾਰ ਸਾਧਨਾਂ ਦਾ ਵੀ ਨਹੀਂ ਜੋ ਸੁੱਤੇ ਪਿਆ ਡਰੋਨ ਜਾਂ ਹਵਾਈ ਹਮਲਿਆਂ ਰਾਹੀਂ ਅਫਗਾਨਿਸਤਾਨ ਤੇ ਇਰਾਨ, ਇਰਾਕ ਅਤੇ ਲਾਦੇਨ ਦੀ ਭਾਲ 'ਚ ਖੁਫੀਆ ਹਮਲੇ ਕਰ ਗਿਆ।

ਵਿਕਸਤ ਮੁਲਕਾਂ ਦਾ ਵਿਚਾਰ ਹੈ ਕਿ ਕੌਮਾਂਤਰੀ ਮੰਡੀ ਵਿਚ ਚੀਨ ਦੇ ਪੈਰ ਉਖਾੜਨ ਲਈ ਇਹ ਵਾਇਰਸ ਅਮਰੀਕਾ ਨੇ ਤਿਆਰ ਕੀਤਾ ਹੈ ਤਾਂ ਜੋ ਚੀਨ ਦਾ ਅਰਥਚਾਰਾ ਤਬਾਹ ਹੋ ਜਾਵੇ। ਬੇ-ਰੁਜ਼ਗਾਰੀ, ਭੁੱਖਮਰੀ ਫੈਲ ਜਾਵੇ। ਜਿਵੇਂ ਉਸ ਨੇ ਵੀਅਤਨਾਮ ਦੇ ਯੁੱਧ ਵਿਚ ਅਠਾਰਾਂ ਸਾਲ ਹਵਾਈ ਜਹਾਜ਼ਾਂ ਰਾਹੀਂ ਬੰਬਾਂ ਦੇ ਨਾਲ-ਨਾਲ ਰਸਾਇਣਾਂ ਦਾ ਛਿੜਕਾ ਕਰਕੇ ਬੰਜਰ ਬਣਾਉਣਾ ਚਾਹਿਆ ਅਤੇ ਵੀਅਤਨਾਮ ਦੇ ਬਹਾਦਰ ਲੋਕਾਂ ਅੱਗੇ ਲੱਤਾਂ 'ਚ ਪੂਛ ਦੇ ਕੇ ਨਿਕਲਿਆ।

ਦੂਸਰੇ ਪਾਸੇ ਵੇਖੀਏ ਤਾਂ ਅਜਿਹਾ ਹੁੰਦਾ ਤਾਂ ਉਥੇ ਐਨੀਆਂ ਮੌਤਾਂ ਕਿਉਂ ਹੁੰਦੀਆਂ? ਇਸਦਾ ਜਵਾਬ ਇਹ ਵੀ ਮਿਲਦਾ ਹੈ ਕਿ ਅਮਰੀਕਾ ਇਕ ਵਪਾਰੀ ਮੁਲਕ ਹੈ। ਜਿਸ ਨੇ ਜਿਵੇਂ ਸਰਕਾਰਾਂ ਅੰਬਾਨੀ, ਅਦਾਨੀ, ਟਾਟੇ, ਬਿਰਲੇ ਦੇ ਵਪਾਰਕ ਅਦਾਰਿਆਂ ਨੂੰ ਜੈਡ ਸਕਿਓਰਿਟੀ ਪ੍ਰਦਾਨ ਕਰਦੀ ਆ ਰਹੀ ਹੈ ਉਸੇ ਤਰ੍ਹਾਂ ਅਮਰੀਕਾ ਨੇ ਵਪਾਰਕ ਅਦਾਰਿਆਂ ਦੇ ਮੁਨਾਫ਼ੇ ਨੂੰ ਧਿਆਨ ਵਿਚ ਰੱਖਦਿਆਂ ਉਹ ਖੁੱਲ੍ਹੇ ਰੱਖੇ ਮਜ਼ਦੂਰਾਂ ਵੱਲੋਂ ਭੀੜ ਭੜੱਕੇ ਵਿਚ ਕੰਮ ਕਰਨ ਦੀ, ਉਦਯੋਗਾਂ ਵੱਲੋਂ ਇਸ ਵਾਇਰਸ ਨੂੰ ਗੰਭੀਰਤਾ ਨਾਲ ਨਾ ਲੈਣ ਕਰਕੇ ਲਾਗ ਅਤੇ ਮੌਤਾਂ ਦੀ ਗਿਣਤੀ ਵਧ ਗਈ ਹੈ। ਅਤੇ ਟਰੰਪ ਦੀ ਹਾਲਤ ਖਸਿਆਨੀ ਬਿੱਲੀ ਦੇ ਆਪਣਾ ਆਪ ਨੌਹੁਣ ਵਾਲੀ ਸਥਿਤੀ ਹੈ।

ਅਗਲਾ ਤੋੜਾ ਫਿਰ ਚੀਨ ਤੇ ਝੜਦਾ ਹੈ ਕਿ ਇਹ ਲਾਗ ਦੀ ਬੀਮਾਰੀ ਚੀਨ ਵੱਲੋਂ ਚਮਗਿੱਦੜਾਂ ਤੇ ਤਜ਼ਰਬੇ ਵਜੋਂ ਕੀਤੀ ਗਈ। ਇਟਲੀ, ਸਪੇਨ, ਫਰਾਂਸ, ਇੰਗਲੈਂਡ ਤੇ ਹੋਰ ਮੁਲਕਾਂ ਵਿਚ ਕਰੋਨਾ ਫੈਲਣ ਤੇ ਇਹ ਤਰਕ ਪੇਸ਼ ਕੀਤਾ ਜਾਂਦਾ ਹੈ ਕਿ ਕੁਝ ਚਮਗਿੱਦੜ ਮਰ ਗਏ ਅਤੇ ਉਨ੍ਹਾਂ ਨੂੰ ਹੁਵਾਨ ਸ਼ਹਿਰ ਦੇ ਕਿਨਾਰੇ ਸਮੁੰਦਰੀ ਜੀਵ ਖਾ ਗਏ। ਚੀਨ ਦੇ ਲੋਕ ਸਮੁੰਦਰੀ ਜੀਵਾਂ ਦੇ ਭੋਜਨ ਦੇ ਆਦੀ ਹਨ। ਦਸੰਬਰ ਦੇ ਅਖੀਰ ਵਿਚ ਨਵੇਂ ਸਾਲ ਦੇ ਜਸ਼ਨ ਮਨਾਉਣ ਲਈ ਵੱਖ-ਵੱਖ ਮੁਲਕਾਂ ਦੇ ਵਸ਼ਿੰਦਿਆਂ ਨੇ ਸੀ-ਫੂਡ ਖਾਧਾ ਤੇ ਉਹ ਸੈਲਾਨੀ ਕਰੋਨਾ ਵਾਇਰਸ ਨੂੰ ਆਪਣੇ ਨਾਲ ਲੈ ਗਏ ਅਤੇ ਚੀਨੀਆਂ ਦਾ ਵੀ ਆਉਣ ਜਾਣ ਵਿਦੇਸ਼ਾਂ ਵਿਚ ਰਿਹਾ। ਇੰਜ ਕਰੋਨਾ ਵਾਇਰਸ ਦੁਨੀਆਂ ਵਿਚ ਧਮਾਕਾ ਬਣ ਕੇ ਫਟਿਆ ਹੈ। "ਮਰਜ਼ ਬੜਤਾ ਗਿਆ ਜੂੰ ਜੂੰ ਦਵਾ ਕੀ" ਦਵਾਈਆਂ ਦੀ ਖੋਜ ਦੇ ਦਾਅਵੇ ਹਰ ਦੇਸ਼ ਕਰ ਰਿਹਾ ਹੈ ਅਤੇ ਸਾਡੇ ਦੇਸ਼ 'ਚ ਟੋਟਕੇ ਅਤੇ ਧਾਰਮਿਕ ਮੰਤਰਾਂ ਦੇ ਉਚਾਰਨ 'ਚੋਂ ਬਚਣ ਦਾ ਉਪਰਾਲਾ ਕਰ ਰਹੇ ਹਨ। ਭਾਂਡੇ ਭੰਨ ਰਹੇ ਹਨ। ਮੋਮਬੱਤੀਆਂ ਜਗਾ ਰਹੇ ਹਨ। ਸੰਸਾਰ ਦਾ ਹਰ ਬਸ਼ਰ ਘਰੇਲੂ ਨਜ਼ਰਬੰਦੀ ਹੰਢਾ ਰਿਹਾ ਹੈ। ਕੌਮਾਂਤਰੀ ਆਰਥਿਕ ਮੰਦਵਾੜਾ ਵਿਰਾਟ ਰੂਪ ਧਾਰਨ ਕਰ ਰਿਹਾ ਹੈ। ਸਾਡੇ ਲੋਕ ਮੂੰਹ ਚੁੱਕੀ ਰੱਬ ਵੱਲ ਦੇਖ ਰਹੇ ਹਨ ਜਿਵੇਂ ਰੱਬ ਉਪਰੋਂ ਬੰਦੇ ਵੱਲੋਂ ਹਵਾਈ ਜਹਾਜ਼ 'ਚੋਂ ਬੰਬ ਸੁੱਟਣ ਵਾਂਗ ਨੋਟਾਂ ਦੀਆਂ ਬੋਰੀਆਂ ਸੁੱਟੇਗਾ। ਪਰ ਜਿਵੇਂ ਸਾਰੇ ਬਾਬੇ ਕਹਿੰਦੇ ਹਨ ਕਿ ਬੰਦਾ ਬਾਹਰ ਭਟਕਦਾ ਫਿਰਦਾ ਹੈ ਰੱਬ ਤਾਂ ਬੰਦੇ ਦੇ ਅੰਦਰ ਹੈ। ਉਸੇ ਤਰ੍ਹਾਂ ਨੋਟਾਂ ਦੇ ਬੌਰੇ, ਸੋਨਾ ਅਤੇ ਹੋਰ ਕੀਮਤੀ ਧਾਤਾਂ ਮਨੁੱਖ ਦੁਆਰਾ ਬਣਾਏ ਧਾਰਮਿਕ ਸਥਾਨਾਂ ਦੇ ਅੰਦਰ ਹੈ। ਭਾਰਤ ਦੇ ਸਵਾ ਪੰਜ ਲੱਖ ਪਿੰਡ ਹਨ ਤੇ ਲੱਖਾਂ ਮੰਦਰ ਹਨ। ਸਿਰਫ਼ ਇਕ ਮੰਦਰ ਕੋਲ ਐਨਾ ਸੋਨਾ ਹੈ ਕਿ ਉਹਨਾਂ ਤਾਂ ਭਾਰਤ ਦੀ ਰਿਜ਼ਰਵ ਬੈਂਕ ਆਫ਼ ਇੰਡੀਆ ਕੋਲ ਨਹੀਂ ਹੈ। ਜੇ ਚੋਣਵੇਂ 15-20 ਧਾਰਮਿਕ ਮੰਦਰਾਂ ਦਾ ਸੋਨਾ ਇਸ ਸਮੇਂ ਵਰਤ ਲਿਆ ਜਾਵੇ ਤਾਂ ਵਿਦੇਸ਼ੀ ਕਰਜ਼ਾ ਲਾਹ ਕੇ ਵੀ ਤੇਰਾਂ ਗੁਣਾ ਬਚ ਜਾਵੇਗਾ ਜੋ ਇਕ ਲੱਖ ਅਠਤਾਲੀ ਹਜ਼ਾਰ ਪ੍ਰਤੀ ਵਿਅਕਤੀ ਸਲਾਨਾ ਪੰਜ ਸਾਲ ਲਗਾਤਾਰ ਦਿੱਤਾ ਜਾ ਸਕਦਾ ਹੈ। ਨਾਲੇ ਦੇਸ਼ ਦੇ ਗਰੀਬਾਂ ਨੂੰ ਇਸ ਨਜ਼ਰਬੰਦੀ ਕਾਰਨ ਰੁਜ਼ਗਾਰ ਤੋਂ ਆਤੁਰ ਹੋਣ ਤੇ ਭਿਖਾਰੀਆਂ ਵਾਂਗ ਹੱਥ ਅੱਡਣ ਦੀ ਨੌਬਤ ਨਹੀਂ ਆਵੇਗੀ। ਰੱਬ ਦੀ ਨਾਂ ਸਹੀ ਰੱਬ ਦੇ ਬਣਾਏ ਘਰਾਂ 'ਚੋਂ ਲੋਕਾਂ ਵੱਲੋਂ ਕੀਤਾ ਸੋਨਾ ਦਾਨ ਇਸ ਬਿਪਤਾ ਦੀ ਘੜੀ ਵਿਚ ਪੀੜਤ ਮਨੁੱਖਤਾ ਦੇ ਕੰਮ ਆ ਸਕੇਗਾ। ਖ਼ੈਰ ਇਹ ਤਾਂ ਹੈ ਸਾਡੇ ਦੇਸ਼ ਦੀ ਹਾਲਤ ਇਸ ਤੋਂ ਬਾਅਦ ਅਸੀਂ ਅਮਰੀਕਾ ਦੀ ਬਣਾਈ ਯੂ.ਐਨ.ਓ. ਵੱਲ ਆਉਂਦੇ ਹਾਂ ਜਿਸ ਬਾਰੇ ਕਿਹਾ ਜਾ ਰਿਹਾ ਹੈ ਕਿ ਚੀਨ ਖਿਲਾਫ਼ ਪੀੜਤ ਮੁਲਕ ਖਰਬਾਂ ਡਾਲਰ ਦਾ ਮੁਕੱਦਮਾ ਯੂ.ਐਨ.ਓ. ਵਿਚ ਕਰਨਗੇ। ਦੂਸਰਾ ਪੱਖ ਇਹ ਵੀ ਹੈ ਕਿ ਚੀਨ ਯੂ.ਐਨ.ਓ. ਦਾ ਮੈਂਬਰ ਹੈ। ਜੇ ਉਹ ਵੀਟੋ ਪਾਵਰ ਵਰਤਦਾ ਹੈ ਤਾਂ ਇਹ ਫੈਸਲਾ ਲਮਕ ਜਾਵੇਗਾ। ਫਿਰ ਅਗਲਾ ਕਦਮ ਕੀ ਹੋਵੇਗਾ? ਹੋ ਸਕਦੈ ਪੀੜਤ ਦੇਸ਼ ਪਹਿਲੇ ਤੇ ਦੂਜੇ ਸੰਸਾਰ ਯੁੱਧ ਵਾਂਗ ਮਿੱਤਰ ਗੁੱਟ ਬਣਾ ਕੇ ਚੀਨ ਤੇ ਸਾਂਝਾ ਹਮਲਾ ਕਰਨ। ਜੇ ਇਹ ਹਮਲਾ ਸਿਰਫ਼ ਆਰਥਿਕ ਹੋਇਆ ਤਾਂ ਕੌਮਾਂਤਰੀ ਮੰਡੀ ਵਿਚ ਚੀਨ ਦੇ ਬਣੇ ਉਤਪਾਦ ਦਾ ਬਾਈਕਾਟ ਹੋ ਸਕਦਾ ਹੈ। ਦੂਸਰਾ ਹਮਲਾ ਫੌਜੀ ਹਮਲਾ ਵੀ ਹੋ ਸਕਦਾ ਹੈ ਤੇ ਵਰਤਮਾਨ ਸਮੇਂ ਵਾਂਗ ਕੋਈ ਇਸ ਤੋਂ ਵੀ ਵੱਧ ਭਿਆਨਕ ਵਾਇਰਸ ਹਮਲਾ ਵੀ ਹੋ ਸਕਦਾ ਹੈ। ਜਿਸ ਵਿਚ ਪ੍ਰਮਾਣੂ ਯੁੱਧ ਵਾਂਗ ਕਰੋੜਾਂ ਲੋਕਾਂ ਦਾ ਘਾਣ ਵੀ ਹੋ ਸਕਦਾ ਹੈ। ਇਸ ਦਾ ਫੈਸਲਾ ਭਵਿੱਖ ਕਰੇਗਾ। ਫਿਲਹਾਲ ਇਹ ਕਰੋਨਾ ਦੀ ਘਰ ਵਿਚ ਨਜ਼ਰਬੰਦੀ ਲੰਬੀ ਹੈ ਦੇਖੋ ਕਿੰਨਾ ਕੁ ਚਿਰ ਰਹੇਗੀ।

ਸੰਸਾਰ ਸਿਹਤ ਸੰਸਥਾ ਯੂ.ਐਨ.ਓ. ਦੀ ਇਕ ਸ਼ਾਖਾ ਹੈ। ਉਸ ਦੀ ਦੁਨਿਆਵੀ ਚੇਤਾਵਨੀ ਨਾਲ ਇਸ ਵਿਸ਼ੇ ਦੀ ਸਮਾਪਤੀ ਕਰਾਂਗੇ।

ਵਰਚੂਅਲ ਪ੍ਰੈਸ ਬ੍ਰੀਫਿੰਗ ਦੌਰਾਨ ਸੰਸਾਰ ਸਿਹਤ ਸੰਸਥਾ ਦੇ ਡਾਇਰੈਕਟਰ ਜਨਰਲ ਟ੍ਰੇਡਰੋਸ ਏ. ਗ੍ਰੈਥਾਏਜ ਨੇ ਕਿਹਾ ਹੈ ਕਿ "ਬਹੁਤ ਸਾਰੇ ਦੇਸ਼ਾਂ ਵਿਚ ਮਹਾਂਮਾਰੀ ਅਜੇ ਵੀ ਸ਼ੁਰੂਆਤੀ ਪੜਾਓ ਤੇ ਹੈ। ਜਿਥੋਂ ਬੀਮਾਰੀ (ਮਹਾਂਮਾਰੀ) ਸ਼ੁਰੂ ਹੋਈ ਸੀ ਉਥੋਂ ਫੇਰ ਤੋਂ ਕੇਸ ਸਾਹਮਣੇ ਆਉਣ ਲੱਗੇ ਹਨ। ਸਾਨੂੰ ਬਹੁਤ ਅੱਗੇ ਜਾਣਾ ਪਵੇਗਾ ਅਤੇ ਇਹ ਸੁਨਿਸ਼ਚਿਤ (ਤੈਅ) ਕਰਨਾ ਪਏਗਾ ਕਿ ਕੋਈ ਗਲਤੀ ਨਾ ਹੋਵੇ। ਇਹ ਵਾਇਰਸ ਲੰਬੇ ਸਮੇਂ ਤੱਕ ਸਾਡੇ ਨਾਲ ਰਹੇਗਾ। ਸੰਸਾਰ ਸਿਹਤ ਸੰਸਥਾ ਨੇ ਸਾਰੇ ਦੇਸ਼ਾਂ ਨੂੰ ਸਪੱਸ਼ਟ ਤੌਰ ਤੇ ਚੇਤਾਵਨੀ ਦਿੱਤੀ ਹੈ ਕਿ ਇਕ ਗਲਤੀ ਜਾਂ ਜਲਦਬਾਜੀ ਜਾਂ ਲਾਪ੍ਰਵਾਹੀ ਭਾਰੀ ਪੈ ਸਕਦੀ ਹੈ। ਕਿਉਂਕਿ ਕਰੋਨਾ ਵਾਇਰਸ ਉਸ ਜਗ੍ਹਾ ਵੱਲ ਮੁੜਨਾ ਸ਼ੁਰੂ ਹੋ ਗਿਆ ਹੈ ਜਿਥੇ ਇਸ ਦੀ ਸ਼ੁਰੂਆਤ ਹੋਈ ਸੀ ਅਤੇ ਇਸ ਦੇ ਖਾਤਮੇ ਦੇ ਦਾਅਵੇ ਕੀਤੇ ਗਏ ਸਨ। ਸੰਸਾਰ ਸਿਹਤ ਸੰਸਥਾ ਦਾ ਇਸ਼ਾਰਾ ਸਪੱਸ਼ਟ ਰੂਪ ਵਿਚ ਚੀਨ ਦੇ ਵੂਹਾਨ ਸ਼ਹਿਰ ਵੱਲ ਹੈ। ਵੂਹਾਨ ਵਿਚ ਕਰੋਨਾਵਾਇਰਸ ਦੇ ਨਵੇਂ ਮਾਮਲਿਆਂ ਵਿਚ ਗਿਰਾਵਟ ਆਉਣ ਤੋਂ ਬਾਅਦ ਇਹ ਲਾਕਡਾਊਨ (ਤਾਲਾਬੰਦ) ਕਰ ਦਿੱਤਾ ਗਿਆ। ਪਰ ਵੂਹਾਨ ਵਿਚ ਇਕ ਵਾਰ ਫੇਰ ਕਰੋਨਾ ਦੀ ਲਾਗ ਦੇ ਨਵੇਂ ਕੇਸ ਆ ਰਹੇ ਹਨ। ਕਰੋਨਾ ਪਾਜ਼ੇਟਿਵ ਦੀ ਇਕ ਵਾਰ ਫੇਰ ਬਹੁਤ ਸਾਰੇ ਮਰੀਜ਼ਾਂ ਵਿਚ ਪੁਸ਼ਟੀ ਹੋਈ ਹੈ। ਜੋ ਦੋ ਮਹੀਨੇ ਪਹਿਲਾਂ ਠੀਕ ਹੋਏ ਸਨ। ਅਜਿਹੇ ਵਿਚ ਕਰੋਨਾ ਮਾਮਲੇ ਵਿਚ ਵਿਸ਼ਵ ਵਿਚ ਰੁਝਾਨ ਬਦਲਦਾ ਦਿਖਾਈ ਦੇ ਰਿਹਾ ਹੈ। ਲੋਕ ਇਸਦੇ ਲੱਛਣ ਨਹੀਂ ਦਿਖਾ ਰਹੇ। ਜੋ ਲਾਗ ਫੈਲਣ ਵਿਚ ਬਹੁਤ ਖਤਰਨਾਕ ਸਿੱਧ ਹੋ ਸਕਦੇ ਹਨ। ਸੰਸਾਰ ਸਿਹਤ ਸੰਸਥਾ ਨੇ ਵਿਸ਼ਵ ਦੇ ਸਾਰੇ ਦੇਸ਼ਾਂ ਨੂੰ ਅਪੀਲ ਕੀਤੀ ਹੈ ਕਿ ਉਹ ਤਾਲਾਬੰਦੀ ਹਟਾਉਣ ਦੀ ਜਲਦਬਾਜੀ ਨਾ ਕਰਨ। ਇਸ ਵਿਚ ਕਿਹਾ ਗਿਆ ਹੈ ਕਿ ਸਰਕਾਰਾਂ ਨੂੰ ਹੌਲੀ-ਹੌਲੀ ਤਾਲਾਬੰਦੀਆਂ ਤੇ ਸਮਾਜਿਕ ਦੂਰੀਆਂ ਨੂੰ ਦੂਰ ਕਰਨਾ ਪਵੇਗਾ ਕਿਉਂਕਿ ਕਰੋਨਾ ਦੀ ਲਾਗ ਨੂੰ ਰੋਕਣ ਲਈ ਸੁਚੇਤ ਰਹਿਣ ਦੀ ਲੋੜ ਹੈ। ਯੂਰਪ ਦੇ ਬਹੁਤ ਸਾਰੇ ਦੇਸ਼ ਹੌਲੀ-ਹੌਲੀ ਤਾਲਾਬੰਦੀ ਹਟਾਉਣ ਦੀ ਤਿਆਰੀ ਕਰ ਰਹੇ ਹਨ। ਦਰਅਸਲ ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਹਰ ਦੇਸ਼ ਵਿਚ ਹਜ਼ਾਰਾਂ ਲੋਕਾਂ ਦੀ ਮੌਤ ਹੋ ਗਈ, ਇਸ ਨੇ ਲੱਖਾਂ ਕਰੋੜਾਂ ਦੀ ਆਰਥਿਕਤਾ ਨੂੰ ਪ੍ਰਭਾਵਤ ਕੀਤਾ। ਹੁਣ ਤੱਕ ਵਿਸ਼ਵ ਵਿਚ ਢਾਈ ਕਰੋੜ ਤੋਂ ਵੱਧ ਲੋਕ ਕਰੋਨਾ ਦੀ ਲਾਗ ਦੀ ਬੀਮਾਰੀ ਕਾਰਨ ਬੀਮਾਰ ਹੋ ਚੁੱਕੇ ਹਨ। ਜਦ ਕਿ ਅੱਠ ਲੱਖ ਲੋਕਾਂ ਦੀ ਮੌਤ ਹੋ ਚੱਕੀ ਹੈ। ਸੰਸਾਰ ਸਿਹਤ ਸੰਸਥਾ ਨੇ ਪਹਿਲਾਂ ਚੇਤਾਵਨੀ ਦਿੱਤੀ ਸੀ ਕਿ ਕਰੋਨਾ ਵਾਇਰਸ ਨਾਲ ਦੁਨੀਆਂ ਵਿਚ ਭੈੜਾ ਸਮਾਂ ਆ ਜਾਵੇਗਾ। ਸੰਸਾਰ ਸਿਹਤ ਸੰਸਥਾ ਦੇ ਡਾਇਰੈਕਟਰ ਟ੍ਰੇਡਰੋਸ ਨੇ ਕਰੋਨਾ ਵਾਇਰਸ ਲਾਗ ਦੀ ਤੁਲਨਾ 1918 ਦੇ ਸਪੈਨਿਸ਼ ਫਲੂ ਨਾਲ ਕੀਤੀ ਹੈ ਜਿਸ ਨਾਲ ਇਕ ਕਰੋੜ ਤੋਂ ਵੱਧ ਲੋਕ ਮਾਰੇ ਗਏ। ਟ੍ਰੇਡਰੋਸ ਨੇ ਵਿਸ਼ਵ ਦੇ ਦੇਸ਼ਾਂ ਨੂੰ ਤਾਲਾਬੰਦੀ ਹਟਾਉਣ ਸਬੰਧੀ ਸਾਵਧਾਨੀ ਵਰਤਣ ਲਈ ਕਿਹਾ। ਦਰਅਸਲ ਦੁਨੀਆਂ ਦੇ ਬਹੁਤ